# ਅਧਿਆਇ 36

# ਡੇਹਰੇ ਦੀ ਬਣਤਰ (ਭਾਗ 1)

ਅਧਿਆਇ 35 ਵਿਚ ਮੂਸਾ ਨੇ ਲੋਕਾਂ ਨੂੰ ਡੇਹਰੇ ਨੂੰ ਬਣਾਉਣ ਦੇ ਲਈ ਤਿਆਰ ਕੀਤਾ ਸੀ, ਜਦ ਕਿ ਅਧਿਆਇ 36 ਵਿਚ ਡੇਹਰੇ ਦੀ ਬਣਤਰ ਦਾ ਕੰਮ ਸ਼ੁਰੂ ਹੋਇਆ।

ਮੂਸਾ ਨੇ ਬਸਲਏਲ ਅਤੇ ਆਹਾਲੀਆਬ ਅਤੇ ਹੋਰ ਬੁੱਧਵਾਨ ਕਾਰੀਗਰਾਂ ਨੂੰ ਜ਼ਿੰਮੇਵਾਰੀ ਸੌਂਪਣ ਦਾ ਕੰਮ ਨਬੇੜਿਆ ਜਿਨ੍ਹਾਂ ਨੇ ਡੇਹਰੇ ਨੂੰ ਬਣਾਉਣਾ ਸੀ ਅਤੇ ਫਿਰ ਉਨ੍ਹਾਂ ਨੂੰ ਕੰਮ ਤੇ ਲਾ ਦਿੱਤਾ (36:1, 2)। ਅਗਲੀ ਗੱਲ ਲੇਖਕ ਲਿਖਦਾ ਹੈ ਕਿ ਲੋਕਾਂ ਨੇ ਆਪੋ-ਆਪਣੀਆਂ ਭੇਟਾਂ ਇੰਨੇ ਖੁੱਲ੍ਹੇ ਦਿਲ ਦੇ ਨਾਲ ਦਿੱਤੀਆਂ ਕਿ ਆਖ਼ਰਕਾਰ ਲੋਕਾਂ ਨੂੰ "ਹੋਰ ਭੇਟਾਂ ਲੈ ਕੇ ਆਉਣ ਤੋਂ ਰੋਕਣਾ ਪਿਆ ਸੀ" (36:3-7)।

ਬਾਕੀ ਦੇ ਅਧਿਆਇ ਵਿਚ ਡੇਹਰੇ ਨੂੰ ਅਰਥਾਤ ਤੰਬੂ ਨੂੰ ਬਣਾਉਣ ਦੇ ਬਾਰੇ ਲਿਖਿਆ ਗਿਆ ਹੈ। ਮੂਲ ਲਿਖਤ ਇਨ੍ਹਾਂ ਚੀਜ਼ਾਂ ਨੂੰ ਬਣਾਉਣ ਦਾ ਵਰਣਨ ਕਰਦੀ ਹੈ: ਅੰਦਰਲਾ ਪੜਦਾ (36:8-13), ਪਸ਼ਮ ਦੇ ਪੜਦੇ ਅਤੇ ਛੱਤ੍ਰਿਆਂ ਦੀਆਂ ਖੱਲਾਂ ਬੱਕਰਿਆਂ ਦੀਆਂ ਖੱਲਾਂ ਦੇ ਢੱਕਣ (36:14-19), ਫੱਟੇ (36:20-30), ਹੋੜੇ (36:31-34), ਪੜਦਾ ਜਿਹੜਾ ਦੋ ਭਾਗਾਂ ਨੂੰ ਵੱਖਰਾ ਕਰਦਾ ਸੀ (36:35, 36) ਅਤੇ ਦਰਵੱਜੇ ਲਈ ਇਕ ਓਟ (36:37, 38)।

## ਕਾਮਿਆਂ ਲਈ ਬੁਲਾਵਾ (36:1, 2)

**1 ਬਸਲਏਲ ਆਹਾਲੀਆਬ ਅਤੇ ਸਾਰੇ ਬੁੱਧਵਾਨ ਮਨੁੱਖ ਕੰਮ ਕਰਨ। ਯਹੋਵਾਹ ਨੇ ਉਨ੍ਹਾਂ ਨੂੰ ਬੁੱਧ ਅਤੇ ਸਮਝ ਦਿੱਤੀ ਕਿ ਓਹ ਜਾਣਨ ਭਈ ਪਵਿੱਤ੍ਰ ਅਸਥਾਨ ਦੀ ਉਪਾਸਨਾ ਦਾ ਸਾਰਾ ਕੰਮ ਯਹੋਵਾਹ ਦੇ ਸਾਰੇ ਹੁਕਮਾਂ ਅਨੁਸਾਰ ਕਿਵੇਂ ਕਰਨਾ ਹੈ। 2 ਫੇਰ ਮੂਸਾ ਨੇ ਬਸਲਏਲ ਅਰ ਆਹਾਲੀਆਬ ਅਰ ਸਾਰੇ ਬੁੱਧਵਾਨ ਮਨੁੱਖਾਂ ਨੂੰ ਜਿਨ੍ਹਾਂ ਦੇ ਮਨਾਂ ਵਿੱਚ ਯਹੋਵਾਹ ਨੇ ਬੁੱਧ ਦਿੱਤੀ ਸੀ ਸੱਦਿਆ ਅਰਥਾਤ ਸਾਰੇ ਜਿਨ੍ਹਾਂ ਦੇ ਮਨਾਂ ਨੇ ਉਨ੍ਹਾਂ ਨੂੰ ਪਰੇਰਿਆ ਭਈ ਓਹ ਨੇੜੇ ਆਕੇ ਏਹ ਕੰਮ ਕਰਨ।**

**ਆਇਤ 1.** ਇਹ ਆਇਤ ਬਿਨਾਂ ਰੁਕੇ ਉੱਥੋਂ ਅੱਗੇ ਜਾਰੀ ਰਹਿੰਦੀ ਹੈ ਜਿੱਥੇ ਕੂਚ 35 ਅਧਿਆਇ ਖਤਮ ਹੁੰਦਾ ਹੈ; ਆਇਤ 1 ਨੂੰ ਉਸ ਪੈਰ੍ਹੇ ਦਾ ਸਮਾਪਤੀ ਵਾਕ ਸਮਝਿਆ ਜਾਣਾ ਚਾਹੀਦਾ ਹੈ ਜਿਹੜਾ 35:30 ਨਾਲ ਸ਼ੁਰੂ ਹੋਇਆ ਸੀ। ਇਹ ਉਹ ਗੱਲਾਂ ਹਨ ਜੋ ਮੂਸਾ ਨੇ ਉਨ੍ਹਾਂ ਬਾਰੇ ਬੋਲੀਆਂ ਸਨ ਜਿਹੜੇ ਡੇਹਰੇ ਨੂੰ ਬਣਾਉਣਗੇ - **ਬਸਲਏਲ ਅਰ ਆਹਾਲੀਆਬ, ਸਾਰੇ ਬੁੱਧਵਾਨ ਮਨੁੱਖਾਂ** ਦੀ ਮਦਦ ਨਾਲ। ਪਿਛਲੀਆਂ ਆਇਤਾਂ (35:30-35) ਨੇ ਦੱਸਿਆ ਹੈ ਕਿ ਕੰਮ ਵਿਚ *ਕਿਨ੍ਹਾਂ ਨੇ* ਅਗਵਾਈ ਕਰਨੀ ਹੈ ਅਤੇ ਵਰਣਨ ਕੀਤਾ ਕਿ ਉਹ ਇਸ ਕੰਮ ਦੇ ਲਈ ਕਿਉਂ ਯੋਗ ਹਨ: ਪਰਮੇਸ਼ੁਰ ਨੇ ਉਨ੍ਹਾਂ ਨੂੰ ਉਹ ਬੁੱਧ ਦਿੱਤੀ ਹੈ ਜਿਸ ਦੀ ਉਨ੍ਹਾਂ ਨੂੰ ਲੋੜ ਹੈ। ਇਸ ਅਧਿਆਇ ਦੀ ਪਹਿਲੀ ਆਇਤ ਦੱਸਦੀ ਹੈ ਕਿ ਉਨ੍ਹਾਂ ਨੇ *ਕੀ* ਕਰਨਾ ਹੈ: ਉਨ੍ਹਾਂ ਨੇ ਯਹੋਵਾਹ ਦੀਆਂ ਹਦਾਇਤਾਂ ਦਾ ਪਾਲਣ ਕਰਦੇ ਹੋਏ,

ਡੇਹਰਾ ਬਣਾਉਣ ਦਾ **ਸਾਰਾ ਕੰਮ ਯਹੋਵਾਹ ਦੇ ਸਾਰੇ ਹੁਕਮਾਂ ਅਨੁਸਾਰ** ਕਰਨਾ ਹੈ। ਡੇਹਰੇ ਦੀ ਬਣਤਰ ਦੇ ਸਾਰੇ ਵਿਰਤਾਂਤ ਵਿਚ, ਜ਼ੋਰ ਇਸ ਤੱਥ ਤੇ ਹੈ ਕਿ ਡੇਹਰਾ ਬਣਾਉਣਾ ਪਰਮੇਸ਼ੁਰ ਦਾ ਕੰਮ ਸੀ ਅਤੇ ਇਹ ਉਸ ਦੀਆਂ ਹਦਾਇਤਾਂ ਅਨੁਸਾਰ ਬਣਾਇਆ ਜਾਣਾ ਸੀ।

**ਆਇਤ 2.** ਬਿਰਤਾਂਤ **ਮੂਸਾ** ਨੇ ਜੋ ਕਿਹਾ ਸੀ ਉਸ ਦਾ ਵਰਣਨ ਕਰਨ ਤੋਂ ਉਸ ਦਾ ਬਿਓਰਾ ਦੇਣ ਵਿਚ ਬਦਲ ਜਾਂਦਾ ਹੈ ਜੋ ਉਸ ਨੇ ਕੀਤਾ ਸੀ। ਮੰਡਲੀ ਨੂੰ ਉਨ੍ਹਾਂ ਵਿਅਕਤੀਆਂ ਦੇ ਬਾਰੇ ਦੱਸਣ ਤੋਂ ਬਾਅਦ ਜਿਨ੍ਹਾਂ ਨੂੰ ਪਰਮੇਸ਼ੁਰ ਨੇ ਡੇਹਰੇ ਦੀ ਬਣਤਰ ਦੀ ਨਿਗਰਾਨੀ ਕਰਨ ਦੇ ਲਈ ਚੁਣਿਆ ਸੀ, ਮੂਸਾ ਨੇ ਉਨ੍ਹਾਂ ਨੂੰ **ਸੱਦਿਆ** ਜਿਨ੍ਹਾਂ ਨੇ ਕੰਮ ਕਰਨਾ ਸੀ। ਦੂਜੇ ਸ਼ਬਦਾਂ ਵਿਚ, ਉਸ ਨੇ ਉਨ੍ਹਾਂ ਨੂੰ ਅਧਿਕਾਰਕ ਤੌਰ ਤੇ ਕੰਮ ਦੇ ਲਈ ਨਿਯੁਕਤ ਕੀਤਾ; ਉਸ ਨੇ ਉਨ੍ਹਾਂ ਨੂੰ ਕੰਮ ਤੇ ਲਾਇਆ।[1]

## ਵਾਫ਼ਰ ਭੇਟ (36:3-7)

**3ਉਨ੍ਹਾਂ ਨੇ ਮੂਸਾ ਦੇ ਅੱਗੋਂ ਸਾਰੀਆਂ ਭੇਟਾਂ ਨੂੰ ਜਿਨ੍ਹਾਂ ਨੂੰ ਇਸਰਾਏਲੀਆਂ ਨੇ ਪਵਿੱਤ੍ਰ ਅਸਥਾਨ ਦੀ ਉਪਾਸਨਾ ਦੇ ਕੰਮ ਨੂੰ ਪੂਰਾ ਕਰਨ ਲਈ ਲਿਆਂਦਾ ਸੀ ਲੈ ਲਿਆ ਪਰ ਓਹ ਉਹ ਦੇ ਕੋਲ ਸਵੇਰ ਨੂੰ ਖ਼ੁਸ਼ੀ ਦੀਆਂ ਭੇਟਾਂ ਵਾਫ਼ਰ ਲਿਆਉਂਦੇ ਰਹੇ। 4ਤਾਂ ਸਾਰੇ ਬੁੱਧਵਾਨ ਜਿਹੜੇ ਪਵਿੱਤ੍ਰ ਅਸਥਾਨ ਦਾ ਸਾਰਾ ਕੰਮ ਕਰਦੇ ਸਨ ਆਪੋ ਆਪਣੇ ਕੰਮ ਤੋਂ ਜਿਹੜਾ ਓਹ ਕਰਦੇ ਸਨ ਆਏ। 5ਅਤੇ ਉਨ੍ਹਾਂ ਨੂੰ ਮੂਸਾ ਨੂੰ ਆਖਿਆ ਕਿ ਲੋਕ ਉਪਾਸਨਾ ਦੇ ਕੰਮ ਦੀ ਲੋੜ ਤੋਂ ਜਿਹ ਦਾ ਯਹੋਵਾਹ ਨੇ ਬਣਾਉਣ ਦਾ ਹੁਕਮ ਦਿੱਤਾ ਹੈ ਵਾਫਰ ਲਿਆਉਂਦੇ ਹਨ। 6ਤਾਂ ਮੂਸਾ ਨੇ ਹੁਕਮ ਦਿੱਤਾ ਅਰ ਉਨ੍ਹਾਂ ਨੇ ਏਹ ਆਖ ਕੇ ਸਾਰੇ ਡੇਰੇ ਵਿੱਚ ਹੋਕਾ ਫਿਰਾਇਆ ਭਈ ਮਨੁੱਖ ਅਤੇ ਇਸਤਰੀਆਂ ਪਵਿੱਤ੍ਰ ਅਸਥਾਨ ਦੀ ਭੇਟਾਂ ਲਈ ਹੋਰ ਪਰਬੰਧ ਨਾ ਕਰਨ। ਸੋ ਲੋਕ ਲਿਆਉਣ ਤੋਂ ਹਟ ਗਏ। 7ਕਿਉਂ ਜੋ ਉਸ ਸਾਰੇ ਕੰਮ ਦੇ ਬਣਾਉਣ ਲਈ ਮਸਾਲਾ ਬਹੁਤ ਸੀ ਸਗੋਂ ਵਾਫਰ ਵੀ ਸੀ।**


**ਆਇਤ 3.** ਡੇਹਰੇ ਨੂੰ ਬਣਾਉਣ ਵਾਲਿਆਂ ਦੀਆਂ ਜ਼ਿੰਮੇਵਾਰੀਆਂ ਵਿੱਚੋਂ ਪਹਿਲੀ ਜ਼ਿੰਮੇਵਾਰੀ ਸੀ ਲੋਕਾਂ ਦੇ ਕੋਲੋਂ ਭੇਟਾਂ ਲੈਣਾ ਤਾਂ ਕਿ ਉਨ੍ਹਾਂ ਕੋਲ ਉਹ ਸਾਰੀ ਸਮੱਗਰੀ ਹੁੰਦੀ ਜਿਸ ਦੇ ਨਾਲ ਡੇਹਰਾ ਬਣਾਇਆ ਜਾਣਾ ਸੀ। ਲੋਕਾਂ ਭੇਟਾਂ ਲੈ ਕੇ ਆਏ, ਜਿਵੇਂ ਕਿ ਉਨ੍ਹਾਂ ਨੂੰ ਭੇਟਾਂ ਲਿਆਉਣ ਦੇ ਲਈ ਕਿਹਾ ਗਿਆ ਸੀ। ਹਰ **ਸਵੇਰ ਨੂੰ** ਉਹ **ਖ਼ੁਸ਼ੀ ਦੀਆਂ ਭੇਟਾਂ** ਲਿਆਉਂਦੇ ਸਨ। ਪਰਤੱਖ ਰੂਪ ਵਿਚ, ਕਾਮੇ ਆਪਣਾ ਇੰਨਾ ਸਮਾਂ ਭੇਟਾਂ ਨੂੰ ਲੈਣ ਵਿਚ ਬਿਤਾ ਰਹੇ ਸਨ ਕਿ ਉਨ੍ਹਾਂ ਕੋਲ ਡੇਹਰੇ ਨੂੰ ਬਣਾਉਣ ਦਾ ਬਹੁਤ ਥੋੜ੍ਹਾ ਸਮਾਂ ਹੁੰਦਾ ਸੀ।

**ਆਇਤਾਂ 4-7.** ਸਿੱਟੇ ਵਜੋਂ, ਉਨ੍ਹਾਂ ਨੇ **ਮੂਸਾ ਨੂੰ** ਇਸ ਸਥਿਤੀ ਬਾਰੇ ਕੁਝ ਕਰਨ ਦੀ ਬੇਨਤੀ ਕੀਤੀ। ਉਨ੍ਹਾਂ ਨੇ ਸਮਝਾਇਆ ਕਿ ਉਨ੍ਹਾਂ ਦੇ ਕੋਲ ਕੰਮ ਕਰਨ ਦੇ ਲਈ **ਵਾਫਰ** ਸੀ। ਮੂਲ ਲਿਖਤ ਆਖਦੀ ਹੈ ਕਿ ਮੂਸਾ ਨੇ **ਹੁਕਮ ਦਿੱਤਾ** ਅਤੇ **ਹੋਕਾ ਫਿਰਾਇਆ** ਇਸ ਲਈ **ਲੋਕ ਲਿਆਉਣ ਤੋਂ ਹਟ ਗਏ**।

ਅੱਜ ਕੱਲ੍ਹ ਦੇ ਪਾਠਕਾਂ ਦੇ ਲਈ ਜਿਹੜੇ ਕਲੀਸੀਆ ਦੇ ਲਈ ਅਤੇ ਵੱਖ-ਵੱਖ ਕੰਮਾਂ ਦੇ ਲਈ ਜ਼ਿਆਦਾ ਤੋਂ ਜ਼ਿਆਦਾ ਦੇਣ ਦੇ ਲਈ ਸੁਣਨ ਦੇ ਆਦੀ ਹੋ ਚੁੱਕੇ ਹਨ, ਉਨ੍ਹਾਂ ਨੂੰ ਇਹ ਵਿਰਤਾਂਤ ਅਜੀਬ ਜਾਪਦਾ ਹੈ। ਪਰਮੇਸ਼ੁਰ ਦੇ ਬੁਲਾਰੇ ਦੁਆਰਾ ਇਹ ਕਹਿ ਕੇ ਕਿ ਉਨ੍ਹਾਂ ਕੋਲ ਪਹਿਲਾਂ ਤੋਂ ਹੀ ਵਾਫਰ ਹੈ ਇਸ ਲਈ ਲੋਕਾਂ ਨੂੰ *ਹੋਰ ਨਾ ਦੇਣ* ਦਾ *ਹੁਕਮ ਦੇਣ* ਦੀ ਕਲਪਨਾ ਕਰਨਾ ਮੁਸ਼ਕਲ ਹੈ। ਇਹ ਉੱਲੇਖ ਇਸ ਸਮੇਂ ਇਸਰਾਏਲੀਆਂ ਦੇ ਇਤਹਾਸ ਵਿਚ ਉਨ੍ਹਾਂ ਦੇ ਧੰਨਵਾਦੀ, ਆਗਿਆਕਾਰੀ ਦਿਲਾਂ ਨੂੰ ਵਿਖਾਉਂਦਾ ਹੈ।

## ਤੰਬੂ (36:8-38)

ਡੇਹਰੇ ਨੂੰ ਬਣਾਉਣ ਦਾ ਵਿਰਤਾਂਤ 36:8 ਵਿਚ ਸ਼ੁਰੂ ਹੁੰਦਾ ਹੈ ਅਤੇ 38:23 ਤੱਕ ਜਾਰੀ ਰਹਿੰਦਾ ਹੈ। ਇਸ ਦੀ ਬਣਤਰ ਵਿਚ ਵਰਤੀ ਗਈ ਸਮੱਗਰੀ ਦਾ ਮੁੱਲ ਦਾ ਅੰਦਾਜ਼ਾ 38:24-31 ਵਿਚ ਲਗਾਇਆ ਗਿਆ ਹੈ। ਅਧਿਆਇ 39 ਜਾਜਕਾਈ ਬਸਤ੍ਰਾਂ ਦੇ ਬਣਾਉਣ ਬਾਰੇ ਦੱਸਦਿਆਂ ਬਣਤਰ ਦੀ ਕਹਾਣੀ ਨੂੰ ਅੱਗੇ ਜਾਰੀ ਰੱਖਦਾ ਹੈ; ਫਿਰ 39:32 ਵਿਚ ਇਸ ਸਾਰੇ ਕੰਮ ਦੇ ਪੂਰੇ ਹੋਣ ਦਾ ਐਲਾਨ ਕੀਤਾ ਗਿਆ ਹੈ। 35:1-36:7 ਵਿਚ ਵਿਰਤਾਂਤ ਉਸ ਕਹਾਣੀ ਦੀ ਭੂਮਿਕਾ ਦਾ ਕੰਮ ਕਰਦਾ ਹੈ ਜੋ 36:8 ਵਿਚ ਦੱਸੀ ਗਈ ਸੀ। ਦਰਅਸਲ, 25-31 ਅਤੇ 35:1-36:7 ਵਿਚ ਪਾਈ ਜਾਣ ਵਾਲੀ ਸਾਰੀ ਜਾਣਕਾਰੀ ਨੂੰ ਡੇਹਰੇ ਨੂੰ ਬਣਾਉਣ ਦੇ ਵਿਰਤਾਂਤ ਦੇ ਲਈ ਤਿਆਰੀ ਕਰਨ ਦੇ ਰੂਪ ਵਿਚ ਸਮਝਿਆ ਜਾ ਸਕਦਾ ਹੈ ਜਿਸ ਦੀ ਸ਼ੁਰੂਆਤ 36:8 ਵਿਚ ਹੁੰਦੀ ਹੈ।


ਡੇਹਰੇ ਦਾ ਪ੍ਰਤੀਰੂਪ (ਟਿਮਨਾ ਪਾਰਕ, ਇਸਰਾਏਲ)

### ਚਾਰ ਢੱਕਣ (36:8-19)

**8ਤਾਂ ਉਨ੍ਹਾਂ ਸਾਰਿਆਂ ਬੁੱਧਵਾਨਾਂ ਨੇ ਜੇਹੜੇ ਏਹ ਕੰਮ ਕਰਦੇ ਸਨ ਡੇਹਰੇ ਦੇ ਦਸ ਪੜਦੇ ਉਣੀ ਹੋਈ ਮਹੀਨ ਕਤਾਨ ਦੇ ਨੀਲੇ ਬੈਂਗਣੀ ਅਤੇ ਕਿਰਮਚੀ ਰੰਗ ਦੇ ਬਣਾਏ। ਉਸ ਨੇ ਉਨ੍ਹਾਂ ਨੂੰ ਕਰੂਬੀਆਂ ਨਾਲ ਕਾਰੀਗਰੀ ਦਾ ਕੰਮ ਬਣਾਇਆ। 9ਹਰ ਇੱਕ ਪੜਦੇ ਦੀ ਲੰਬਾਈ ਅਠਾਈ ਹੱਥ ਅਤੇ ਹਰ ਪੜਦੇ ਦੀ ਚੁੜਾਈ ਚਾਰ ਹੱਥ ਸੀ ਅਤੇ ਇੱਕੋ ਹੀ ਨਾਪ ਸਾਰਿਆਂ ਪੜਦਿਆਂ ਦਾ ਸੀ। 10ਉਸ ਨੇ ਪੰਜ ਪੜਦੇ ਇੱਕ ਦੂਜੇ ਨਾਲ ਜੋੜੇ ਅਤੇ ਦੂਜੇ ਪੰਜ ਪੜਦੇ ਭੀ ਇੱਕ ਦੂਜੇ ਨਾਲ ਜੋੜੇ। 11ਅਤੇ ਉਸ ਨੇ ਨੀਲੇ ਰੰਗ ਦੇ ਬੀੜੇ ਹਰ ਇੱਕ ਪੜਦੇ ਦੀ ਸੰਜਾਫ਼ ਵਿੱਚ ਜੋੜ ਦੇ ਸਿਰੇ ਵੱਲ ਬਣਾਏ ਅਤੇ ਐਉਂ ਹੀ ਉਸ ਪੜਦੇ ਦੀ ਸੰਜਾਫ਼ ਦੇ ਦੂਜੇ ਬਾਹਰਲੇ ਜੋੜ ਦੇ ਸਿਰੇ ਉੱਤੇ ਬਣਾਏ। 12ਪੰਜਾਹ ਬੀੜੇ ਉਸ ਨੇ ਇੱਕ ਪੜਦੇ ਵਿੱਚ ਅਤੇ ਪੰਜਾਹ ਬੀੜੇ ਉਸ ਨੇ ਸਿਰੇ ਵੱਲ ਜਿਹੜਾ ਦੂਜੇ ਜੋੜ ਵਿੱਚ ਸੀ ਬਣਾਏ। ਓਹ ਬੀੜੇ ਇੱਕ ਦੂਜੇ ਦੇ ਆਹਮੋ ਸਾਹਮਣੇ ਸਨ। 13ਅਤੇ ਉਸ ਨੇ ਪੰਜਾਹ ਕੁੰਡੀਆਂ ਸੋਨੇ ਦੀਆਂ**

**ਬਣਾਈਆਂ ਅਰ ਪੜਦਿਆਂ ਨੂੰ ਇੱਕ ਦੂਜੇ ਨਾਲ ਕੁੰਡੀਆਂ ਨਾਲ ਜੋੜਿਆ। ਐਉਂ ਡੇਹਰਾ ਇੱਕੋ ਹੀ ਸੀ। [14]ਅਤੇ ਉਸ ਨੇ ਪਸ਼ਮ ਦੇ ਪੜਦੇ ਡੇਹਰੇ ਦੇ ਉਪਰਲੇ ਤੰਬੂ ਲਈ ਬਣਾਏ ਅਰ ਉਸ ਨੇ ਓਹ ਗਿਆਰਾਂ ਪੜਦੇ ਬਣਾਏ। [15]ਹਰ ਇੱਕ ਪੜਦੇ ਦੀ ਲੰਬਾਈ ਤੀਹ ਹੱਥ ਅਰ ਹਰ ਇੱਕ ਪੜਦੇ ਦੀ ਚੁੜਾਈ ਚਾਰ ਹੱਥ ਅਰ ਏਹ ਗਿਆਰਾਂ ਪੜਦੇ ਇੱਕੋ ਨਾਪ ਦੇ ਸਨ। [16]ਉਸ ਨੇ ਪੰਜ ਪੜਦੇ ਵੱਖਰੇ ਜੋੜੇ ਅਰ ਛੇ ਪੜਦੇ ਵੱਖਰੇ। [17]ਉਸ ਨੇ ਪੰਜਾਹ ਬੀੜੇ ਉਸ ਪੜਦੇ ਦੀ ਸੰਜਾਫ਼ ਵਿੱਚ ਜਿਹੜੀ ਜੋੜ ਦੇ ਸਿਰੇ ਉੱਤੇ ਸੀ ਅਤੇ ਪੰਜਾਹ ਬੀੜੇ ਦੂਜੇ ਜੋੜ ਦੇ ਪੜਦੇ ਦੀ ਸੰਜਾਫ਼ ਵਿੱਚ ਬਣਾਏ। [18]ਅਤੇ ਉਸ ਨੇ ਪੰਜਾਹ ਕੁੰਡੀਆਂ ਪਿੱਤਲ ਦੀਆਂ ਤੰਬੂ ਦੇ ਜੋੜਨ ਲਈ ਬਣਾਈਆਂ ਤਾਂ ਜੋ ਉਹ ਇੱਕੋ ਹੀ ਹੋ ਜਾਵੇ। [19]ਅਰ ਉਸ ਨੇ ਤੰਬੂ ਦਾ ਢੱਕਣ ਛੱਤ੍ਰਿਆਂ ਦੀਆਂ ਲਾਲ ਰੰਗੀਆਂ ਹੋਈਆਂ ਖੱਲਾਂ ਦਾ ਅਤੇ ਉਤਲਾ ਢੱਕਣ ਬੱਕਰਿਆਂ ਦੀਆਂ ਖੱਲਾਂ ਦਾ ਬਣਾਇਆ।**

ਡੇਹਰੇ ਦੇ ਬਣਾਉਣ ਦਾ ਉੱਲੇਖ 25 ਤੋਂ 31 ਅਧਿਆਵਾਂ ਵਿੱਚ ਦਿੱਤੀਆਂ ਹਦਾਇਤਾਂ ਦੀ ਤਰਤੀਬ ਦਾ ਪਾਲਣ ਨਹੀਂ ਕਰਦਾ। ਜਦ ਕਿ ਹਦਾਇਤਾਂ ਡੇਹਰੇ ਦੇ ਸਮਾਨ ਨਾਲ ਸ਼ੁਰੂ ਹੁੰਦੀਆਂ ਹਨ, ਬਣਾਉਣ ਦਾ ਉੱਲੇਖ ਡੇਹਰੇ - ਤੰਬੂ ਜਿਸ ਦੇ ਵਿਚ ਸਾਰਾ ਸਮਾਨ ਰੱਖਿਆ ਜਾਵੇਗਾ - ਨਾਲ ਸ਼ੁਰੂ ਹੁੰਦਾ ਹੈ। ਬਣਤਰ ਨੇ ਵਿਸਤਾਰ ਨਾਲ ਹਦਾਇਤਾਂ ਦਾ ਪਾਲਣ ਕੀਤਾ (26:1-14 ਤੇ ਟਿੱਪਣੀਆਂ ਵੇਖੋ)।

**ਆਇਤਾਂ 8-19.** ਕੂਚ ਦੀ ਪੁਸਤਕ ਦੇ ਇਸ ਪੂਰੇ ਭਾਗ ਵਿਚ **ਡੇਹਰੇ** ਦੀ ਬਣਤ ਦੇ ਲਈ ਜਿਸ ਵਿਅਕਤੀ ਨੂੰ ਸੋਭਾ ਦਿੱਤੀ ਗਈ ਸੀ ਉਹ **ਬਸਲਏਲ** ਹੈ। ਉਸ ਨੇ ਡੇਹਰੇ ਦੇ ਮੇਹਟ, ਨਿਰਮਾਤਾ ਦੇ ਤੌਰ ਤੇ ਕੰਮ ਕੀਤਾ। ਵਿਆਖਿਆ ਜੋ ਨਿਰੰਤਰ ਦਿੱਤੀ ਗਈ ਹੈ ਉਹ **ਉਸ ਨੇ ਬਣਾਏ** ਸ਼ਬਦਾਂ ਦੀ ਵਰਤੋਂ ਕਰਦੀ ਹੈ ਜੋ ਕਿ ਬਸਲਏਲ ਦਾ ਹਵਾਲਾ ਦੇ ਰਹੇ ਹਨ। 37:1 ਵਿਚ ਉਸ ਦਾ ਫੇਰ ਨਾਮ ਲੈ ਕੇ ਜ਼ਿਕਰ ਕੀਤਾ ਗਿਆ ਹੈ ਅਤੇ ਪੜਨਾਂਵ "ਉਸ ਨੇ" - ਜੋ ਕਿ ਬਸਲਏਲ ਦਾ ਹਵਾਲਾ ਦੇ ਰਿਹਾ ਹੈ - 38:20 ਵਿਚ ਕੰਮ ਦੇ ਪੂਰਾ ਹੋਣ ਤੱਕ ਵਾਕਾਂ ਦਾ ਕਰਤਾ ਬਣਦਾ ਹੈ। 39:1 ਤੱਕ ਨਹੀਂ ਜਿੱਥੇ ਮੂਲ ਲਿਖਤ ਉਨ੍ਹਾਂ ਦੇ ਬਾਰੇ ਗੱਲ ਕਰਨ ਦੇ ਲਈ "ਉਨ੍ਹਾਂ ਨੇ" ਦੀ ਕਰਤਾ ਦੇ ਰੂਪ ਵਿਚ ਵਰਤੋਂ ਕਰਦੀ ਹੈ ਜਿਨ੍ਹਾਂ ਨੇ ਡੇਹਰੇ ਅਤੇ ਇਸ ਦੇ ਸਮਾਨ ਨੂੰ ਬਣਾਇਆ ਸੀ।

ਹਵਾਲਾ ਇਹ ਕਹਿਣ ਦੁਆਰਾ ਸ਼ੁਰੂ ਹੁੰਦਾ ਹੈ ਕਿ ਬਸਲਏਲ ਨੇ **ਪੜਦੇ** ਬਣਾਏ। ਡੇਹਰਾ ਆਪਣੇ ਆਪ ਦੇ ਵਿਚ ਇਕ ਤੰਬੂ ਸੀ, ਪਵਿੱਤਰ ਸਥਾਨ ਜਿਸ ਨੂੰ ਚੁੱਕ ਕੇ ਕਿਤੇ ਵੀ ਲਿਜਾਇਆ ਜਾ ਸਕਦਾ ਸੀ, ਜਿਹੜਾ ਕਿ ਚਾਰ ਢੱਕਣਾਂ ਨੂੰ ਮਿਲਾ ਕੇ ਬਣਿਆ ਸੀ ਜੋ ਕਿ ਫੱਟੀਆਂ ਦੇ ਢਾਂਚੇ ਤੇ ਟੰਗੇ ਗਏ ਸਨ। ਅੰਦਰਲਾ ਢੱਕਣ **ਉਣੀ ਹੋਈ ਮਹੀਨ ਕਤਾਨ** ਦਾ ਬਣਿਆ ਸੀ ਅਤੇ ਉਸ ਤੇ **ਕਰੂਬੀਆਂ** ਦੀ ਕਾਰੀਗਰੀ ਦਾ ਕੰਮ ਕੀਤਾ ਗਿਆ ਸੀ (36:8)। ਉਪਰਲਾ ਢੱਕਣ **ਪਸ਼ਮ** ਦਾ ਬਣਾਇਆ ਗਿਆ ਸੀ (36:14)। ਇਹ ਦੋ ਅੰਦਰਲੇ ਢੱਕਣ ਕਈ ਪੜਦਿਆਂ ਨੂੰ ਸੀਓ ਕੇ ਦੋ ਢੱਕਣ ਬਣਾਏ ਗਏ ਸਨ ਜਿਨ੍ਹਾਂ ਨੂੰ **ਬੀੜਿਆਂ** ਅਤੇ **ਕੁੰਡੀਆਂ** ਨਾਲ ਜੋੜਿਆ ਗਿਆ ਸੀ। ਫਿਰ ਇਹ ਦੋ ਢੱਕਣਾਂ ਨੂੰ **ਛੱਤ੍ਰਿਆਂ ਦੀਆਂ ਖੱਲਾਂ** ਅਤੇ **ਬੱਕਰਿਆਂ ਦੀ ਖੱਲਾਂ** ਨਾਲ ਮੜ੍ਹਿਆ ਗਿਆ ਸੀ (36:19)।

### ਕੰਧਾਂ: ਫੱਟੇ ਅਤੇ ਹੋੜੇ (36:20-34)

**[20]ਉਸ ਨੇ ਸ਼ਿੱਟੀਮ ਦੀ ਲੱਕੜੀ ਦੇ ਖੜਵੇਂ ਫੱਟੇ ਡੇਹਰੇ ਲਈ ਬਣਾਏ। [21]ਹਰ ਫੱਟੇ ਦੀ ਲੰਬਾਈ ਦਸ ਹੱਥ ਅਰ ਹਰ ਫੱਟੇ ਦੀ ਚੁੜਾਈ ਡੂਢ ਹੱਥ ਸੀ। [22]ਅਰ ਹਰ ਫੱਟੇ ਵਿੱਚ ਦੋ ਚੂਲਾਂ ਇੱਕ ਦੂਜੇ ਨੂੰ ਜੋੜਨ ਲਈ ਸਨ। ਐਉਂ ਉਸ ਨੇ ਡੇਹਰੇ ਦੇ ਸਾਰੇ ਫੱਟੇ ਬਣਾਏ। [23]ਉਸ ਨੇ ਡੇਹਰੇ ਦੇ ਫੱਟੇ ਐਉਂ ਬਣਾਏ - ਬੀਹ ਫੱਟੇ ਦੱਖਣ ਦੇ ਪਾਸੇ ਵੱਲ ਲਈ। [24]ਅਤੇ ਉਸ ਨੇ ਚਾਂਦੀ ਦੀਆਂ ਚਾਲੀ ਚੀਥੀਆਂ**

**ਉਨ੍ਹਾਂ ਬੀਹਾਂ ਫੱਟਿਆਂ ਦੇ ਹੇਠ ਅਰਥਾਤ ਹਰ ਇੱਕ ਫੱਟੇ ਹੇਠ ਦੋ ਚੀਥੀਆਂ ਉਨ੍ਹਾਂ ਦੀਆਂ ਦੋਹਾਂ ਚੂਲਾਂ**
**ਲਈ ਬਣਾਈਆਂ ਅਤੇ ਦੂਜੇ ਫੱਟੇ ਲਈ ਦੋ ਚੀਥੀਆਂ ਉਸ ਦੀਆਂ ਦੋਹਾਂ ਚੂਲਾਂ ਲਈ। 25ਅਤੇ ਡੇਹਰੇ**
**ਦੇ ਦੂਜੇ ਪਾਸੇ ਲਈ ਉੱਤਰ ਵੱਲ ਬੀਹ ਫੱਟੇ ਬਣਾਏ। 26ਅਤੇ ਉਨ੍ਹਾਂ ਦੀਆਂ ਚਾਂਦੀ ਦੀਆਂ ਚਾਲੀ**
**ਚੀਥੀਆਂ ਅਰਥਾਤ ਹਰ ਫੱਟੇ ਹੇਠ ਦੋ ਚੀਥੀਆਂ। 27ਅਤੇ ਡੇਹਰੇ ਦੇ ਪਿਛਵਾੜੇ ਦੇ ਲਹਿੰਦੇ ਪਾਸੇ**
**ਵੱਲ ਉਸ ਨੇ ਛੇ ਫੱਟੇ ਬਣਾਏ। 28ਉਸ ਨੇ ਦੋ ਫੱਟੇ ਡੇਹਰੇ ਦੇ ਪਿਛਵਾੜੇ ਦੇ ਖੂੰਜਿਆਂ ਲਈ ਬਣਾਏ।**
**29ਓਹ ਹੇਠੋਂ ਦੋਹਰੇ ਸਨ ਅਤੇ ਓਹ ਏਸ ਪਰਕਾਰ ਆਪਣਿਆਂ ਸਿਰਿਆਂ ਤੀਕ ਇੱਕ ਕੜੇ ਨਾਲ**
**ਸਾਬਤ ਰਹਿੰਦੇ ਸਨ। ਐਉਂ ਉਸ ਨੇ ਉਨ੍ਹਾਂ ਦੋਹਾਂ ਨੂੰ ਦੋਹਾਂ ਖੂੰਜਿਆਂ ਵਿੱਚ ਬਣਾਇਆ। 30ਅਰ ਓਹ**
**ਅੱਠ ਫੱਟੇ ਸਨ ਅਤੇ ਉਨ੍ਹਾਂ ਦੀਆਂ ਚਾਂਦੀ ਦੀਆਂ ਸੋਲਾਂ ਚੀਥੀਆਂ ਸਨ ਅਰਥਾਤ ਹਰ ਫੱਟੇ ਹੇਠ ਦੋ**
**ਚੀਥੀਆਂ। 31ਅਤੇ ਉਸ ਨੇ ਸ਼ਿੱਟੀਮ ਦੀ ਲੱਕੜੀ ਦੇ ਹੋੜੇ ਬਣਾਏ ਡੇਹਰੇ ਦੇ ਇੱਕ ਪਾਸੇ ਦਿਆਂ ਫੱਟਿਆਂ**
**ਲਈ ਪੰਜ ਹੋੜੇ ਅਤੇ ਡੇਹਰੇ ਦੇ ਦੂਜੇ ਪਾਸੇ ਦਿਆਂ ਫੱਟਿਆਂ ਲਈ ਪੰਜ ਹੋੜੇ। 32ਅਤੇ ਡੇਹਰੇ ਦੇ**
**ਪਿਛਵਾੜੇ ਦੇ ਲਹਿੰਦੇ ਪਾਸੇ ਦਿਆਂ ਫੱਟਿਆਂ ਲਈ ਪੰਜ ਹੋੜੇ। 33ਅਤੇ ਵਿੱਚਲਾ ਹੋੜਾ ਫੱਟਿਆਂ ਦੇ**
**ਵਿਚਕਾਰੋਂ ਦੁਸਾਰ ਪਾਰ ਲੰਘਾਇਆ। 34ਅਰ ਉਸ ਨੇ ਫੱਟਿਆਂ ਨੂੰ ਸੋਨੇ ਨਾਮ ਮੜ੍ਹਿਆ ਅਤੇ ਹੋੜਿਆਂ**
**ਦੇ ਥਾਵਾਂ ਲਈ ਸੋਨੇ ਦੇ ਕੜੇ ਬਣਾਏ ਅਤੇ ਉਸ ਨੇ ਹੋੜਿਆਂ ਨੂੰ ਸੋਨੇ ਨਾਲ ਮੜ੍ਹਿਆ।**

**ਆਇਤਾਂ 20-34.** ਡੇਹਰੇ ਦੀ ਬਣਤਰ ਦਾ ਵਿਰਤਾਂਤ ਢੱਕਣਾਂ ਤੋਂ **ਫੱਟਿਆਂ** ਅਤੇ **ਹੋੜਿਆਂ** ਵੱਲ ਲੈ ਜਾਂਦਾ ਹੈ ਜਿਨ੍ਹਾਂ ਨਾਲ ਤੰਬੂ ਦਾ ਢਾਂਚਾ ਤਿਆਰ ਕੀਤਾ ਗਿਆ ਸੀ। 36:20-34 ਵਿਚ ਉਨ੍ਹਾਂ ਦੀ ਬਣਤਰ ਦਾ ਉੱਲੇਖ 26:15-29 ਵਿਚ ਦਿੱਤੀਆਂ ਗਈਆਂ ਹਦਾਇਤਾਂ ਦੇ ਅਨੁਸਾਰ ਹੈ। ਢੱਕਣ **ਸ਼ਿੱਟੀਮ ਦੀ ਲੱਕੜੀ** ਦੇ ਖੜਵੇਂ ਫੱਟਿਆਂ ਦੇ ਢਾਂਚੇ ਤੇ ਬਣਾਏ ਗਏ ਸਨ (36:20) ਅਤੇ ਉਨ੍ਹਾਂ ਫੱਟਿਆਂ ਨੂੰ **ਸੋਨੇ** ਨਾਲ ਮੜ੍ਹਿਆ ਗਿਆ ਸੀ (36:34)। ਫੱਟਿਆਂ ਨੂੰ **ਚੂਲਾਂ** ਅਤੇ **ਚਾਂਦੀ ਦੀਆਂ ਚੀਥੀਆਂ** ਨਾਲ ਆਪਣੀ-ਆਪਣੀ ਥਾਂ ਤੇ ਖੜ੍ਹਾ ਕੀਤਾ ਗਿਆ ਸੀ। ਉਨ੍ਹਾਂ ਨੂੰ ਪੰਜ ਲੇਟਵੇਂ ਹੋੜਿਆਂ ਨਾਲ ਜੋੜਿਆ ਗਿਆ ਸੀ ਅਤੇ ਸੋਨੇ ਨਾਲ ਵੀ ਮੜ੍ਹਿਆ ਗਿਆ ਸੀ। **ਵਿੱਚਲਾ ਹੋੜਾ ਫੱਟਿਆਂ ਦੇ ਵਿਚਕਾਰੋਂ ਦੁਸਾਰ ਪਾਰ ਲੰਘਾਇਆ ਗਿਆ ਸੀ** (36:33)।

### ਪੜਦਾ ਅਤੇ ਓਟ (36:35-38)

**35ਉਸ ਨੇ ਨੀਲੇ, ਬੈਂਗਣੀ ਕਿਰਮਚੀ ਅਤੇ ਮਹੀਨ ਉਣੇ ਹੋਏ ਕਤਾਨ ਦਾ ਇੱਕ ਪੜਦਾ**
**ਬਣਾਇਆ। ਉਸ ਨੇ ਉਹ ਨੂੰ ਕਰੂਬੀਆਂ ਨਾਲ ਕਾਰੀਗਰੀ ਦਾ ਕੰਮ ਬਣਾਇਆ। 36ਉਸ ਨੇ ਸ਼ਿੱਟੀਮ**
**ਦੀ ਲੱਕੜੀ ਦੀਆਂ ਚਾਰ ਥੰਮ੍ਹੀਆਂ ਬਣਾਈਆਂ ਅਤੇ ਉਨ੍ਹਾਂ ਨੂੰ ਸੋਨੇ ਨਾਲ ਮੜ੍ਹਿਆ ਅਤੇ ਉਨ੍ਹਾਂ ਦੇ ਕੁੰਡੇ**
**ਸੋਨੇ ਦੇ ਸਨ ਅਰ ਉਸ ਨੇ ਚਾਂਦੀ ਦੀਆਂ ਚਾਰ ਚੀਥੀਆਂ ਉਨ੍ਹਾਂ ਲਈ ਢਾਲੀਆਂ। 37ਅਰ ਉਸ ਨੇ**
**ਤੰਬੂ ਦੇ ਦਰਵੱਜੇ ਲਈ ਇੱਕ ਓਟ ਨੀਲੇ ਬੈਂਗਣੀ ਕਿਰਮਚੀ ਰੰਗ ਦੀ ਮਹੀਨ ਉਣੇ ਹੋਏ ਕਤਾਨ ਦੀ**
**ਬਣਾਈ। ਏਹ ਕਸੀਦੇਦਾਰ ਦਾ ਕੰਮ ਸੀ। 38ਉਸ ਨੇ ਪੰਜ ਥੰਮ੍ਹੀਆਂ ਉਹ ਦੇ ਲਈ ਕੁੰਡਿਆਂ ਸਣੇ**
**ਬਣਾਈਆਂ ਅਤੇ ਉਨ੍ਹਾਂ ਦੇ ਸਿਰਿਆਂ ਅਤੇ ਕੜਿਆਂ ਨੂੰ ਸੋਨੇ ਨਾਲ ਮੜ੍ਹਿਆ ਅਰ ਉਨ੍ਹਾਂ ਦੀਆਂ ਪੰਜ**
**ਚੀਥੀਆਂ ਪਿੱਤਲ ਦੀਆਂ ਸਨ।**

**ਆਇਤਾਂ 35-38.** ਇਹ ਅਧਿਆਇ ਉਸ **ਪੜਦੇ** ਦੇ ਨਾਲ ਜਿਹੜਾ ਦੋ ਭਾਗਾਂ ਨੂੰ ਵੱਖਰਾ ਕਰਦਾ ਸੀ ਅਤੇ **ਓਟ** ਨਾਲ ਜਿਹੜਾ **ਤੰਬੂ** ਦੇ ਲਈ ਦਰਵੱਜੇ ਦਾ ਕੰਮ ਕਰਦਾ ਸੀ ਖਤਮ ਹੁੰਦਾ ਹੈ। ਪੜਦੇ ਅਤੇ ਓਟ ਦੀ ਬਣਤ ਦੀ ਕਹਾਣੀ 26:31-37 ਵਿਚ ਦਿੱਤੀਆਂ ਗਈਆਂ ਹਦਾਇਤਾਂ ਦੇ ਸਮਾਨ ਹੈ, ਸਿਵਾਏ ਇਸ ਦੇ ਕਿ ਹਦਾਇਤਾਂ ਪੜਦੇ ਦੇ ਕੰਮ ਅਤੇ ਮਹੱਤਵ ਦੇ ਬਾਰੇ ਗੱਲ ਕਰਦੀਆਂ ਹਨ: ਇਹ ਉਸ ਹੱਦ ਦਾ ਪ੍ਰਤੀਕ ਸੀ ਜੋ ਅੱਤ ਪਵਿੱਤਰ ਅਸਥਾਨ ਦੇ ਬਾਰੇ ਦੱਸਦਾ ਸੀ।

# ਪ੍ਰਾਸੰਗਿਕਤਾ

## ਕੰਮ ਦੀ ਯੋਜਨਾ ਬਣਾਓ ਅਤੇ ਯੋਜਨਾ ਤੇ ਕੰਮ ਕਰੋ (ਅਧਿਆਇ 25-31; 36-40)

ਜਿਸ ਕਿਸੇ ਨੇ ਕਿਹਾ ਹੈ "ਕੰਮ ਦੀ ਯੋਜਨਾ ਬਣਾਓ ਅਤੇ ਯੋਜਨਾ ਤੇ ਕੰਮ ਕਰੋ," ਉਸ ਨੇ ਇਹ ਵਿਚਾਰ ਕੂਚ ਦੀ ਪੁਸਤਕ ਵਿੱਚੋਂ ਲਿਆ ਹੋਵੇਗਾ। 25 ਤੋਂ 31 ਅਧਿਆਵਾਂ ਵਿਚ, ਪਰਮੇਸ਼ੁਰ ਨੇ ਯੋਜਨਾ ਦਿੱਤੀ; ਉਸ ਨੇ ਕੰਮ ਦੀ ਯੋਜਨਾ ਬਣਾਈ ਸੀ। 36 ਤੋਂ 40 ਅਧਿਆਵਾਂ ਵਿਚ, ਇਸਰਾਏਲੀਆਂ ਨੇ ਉਸ ਯੋਜਨਾ ਤੇ ਕੰਮ ਕੀਤਾ। ਮੂਲ ਲਿਖਤ ਉਸ ਵਿਵਸਥਿਤ, ਵਿਹਾਰਕ ਤਰੀਕੇ ਦਾ ਵਰਣਨ ਕਰਦੀ ਹੈ ਜਿਸ ਦੇ ਨਾਲ ਪਰਮੇਸ਼ੁਰ ਨੇ ਆਪਣੇ ਭਵਨ ਨੂੰ ਬਣਾਇਆ ਸੀ। ਸ਼ਾਇਦ ਪਰਮੇਸ਼ੁਰ ਚਾਹੁੰਦਾ ਸੀ ਕਿ ਉਸ ਦੇ ਕੋਲ ਉਸ ਯੋਜਨਾਬੱਧ ਤਰੀਕੇ ਤੋਂ ਸਬਕ ਸਿੱਖਣ ਜਿਸ ਤਰੀਕੇ ਨਾਲ ਉਸ ਨੇ ਇਸ ਡੇਹਰੇ ਨੂੰ ਬਣਾਇਆ ਸੀ। ਕਲੀਸੀਆਵਾਂ ਗੈਰ-ਸੰਗਠਤ ਸੰਗਠਨ ਹੋ ਸਕਦੇ ਹਨ। ਸਾਨੂੰ ਇਹ ਸਿੱਖਣ ਦੀ ਲੋੜ ਹੈ ਕਿ ਸੰਗਠਤ ਹੋਣਾ, ਯੋਜਨਾ ਬਣਾਉਣਾ ਅਤੇ ਉਨ੍ਹਾਂ ਨੂੰ ਪੂਰਾ ਕਰਨਾ, ਕਲੀਸੀਆ ਦੇ ਕੰਮਾਂ ਨੂੰ ਯੋਜਨਾਬੱਧ ਤਰੀਕੇ ਨਾਲ ਆਯੋਜਿਤ ਕਰਨਾ ਵਚਨ ਤੇ ਅਧਾਰਿਤ ਹੈ। ਇਸ ਦੇ ਨਾਲ-ਨਾਲ, ਸਾਨੂੰ ਇਹ ਵੀ ਯਾਦ ਰੱਖਣਾ ਚਾਹੀਦਾ ਹੈ ਕਿ ਅਸੀਂ ਰੂਹਾਂ ਨੂੰ ਬਚਾਉਣ ਦੇ ਕੰਮ ਵਿਚ ਲੱਗੇ ਹੋਏ ਹਾਂ, ਨਾ ਕਿ ਪੈਸੇ ਬਚਾਉਣ ਜਾਂ ਇਮਾਰਤ ਦੇ ਰੱਖ-ਰਖਾਵ ਦੇ ਕੰਮ ਵਿਚ।

ਸਬੂਤ ਦੱਸਦਾ ਹੈ ਕਿ ਯਿਸੂ ਨੇ ਧਰਤੀ ਉੱਤੇ ਆਪਣੇ ਕੰਮ ਨੂੰ ਯੋਜਨਾਬੱਧ ਤਰੀਕੇ ਨਾਲ ਕੀਤਾ ਸੀ, ਇਹ ਕਿ ਪੌਲੁਸ ਦੀ ਇਕ ਨਿਸ਼ਚਤ ਮਿਸ਼ਨ ਰਣਨੀਤੀ ਸੀ ਜਦੋਂ ਉਸ ਨੇ ਰੋਮੀ ਸੰਸਾਰ ਵਿਚ ਖੁਸ਼ਖ਼ਬਰੀ ਦਾ ਪਰਚਾਰ ਕੀਤਾ ਸੀ ਅਤੇ ਇਹ ਕਿ ਮੁਢਲੀਆਂ ਕਲੀਸੀਆਵਾਂ (ਜਿਵੇਂ ਕਿ ਯਰੂਸ਼ਲਮ ਅਤੇ ਅੰਤਾਕਿਯਾ ਦੀਆਂ ਕਲੀਸੀਆਵਾਂ) ਨੇ ਯੋਜਨਾਬੱਧ ਤਰੀਕੇ ਨਾਲ ਕੰਮ ਕੀਤਾ ਸੀ। ਉਸੇ ਤਰ੍ਹਾਂ, ਸਾਨੂੰ ਵੀ ਵਿਅਕਤੀਗਤ ਕਾਮੇ ਹੋਣ ਦੇ ਨਾਤੇ ਅਤੇ ਇਕ ਮੰਡਲੀ ਹੋਣ ਦੇ ਨਾਤੇ "ਕੰਮ ਦੀ ਯੋਜਨਾ ਬਣਾਉਣੀ ਅਤੇ ਯੋਜਨਾ ਤੇ ਕੰਮ ਕਰਨਾ" ਚਾਹੀਦਾ ਹੈ ਅਤੇ ਆਪਣੇ ਕੰਮਾਂ ਨੂੰ ਵਿਵਸਥਿਤ ਅਤੇ ਯੋਜਨਾਬੱਧ ਤਰੀਕੇ ਨਾਲ ਕਰਨਾ ਚਾਹੀਦਾ ਹੈ।

## ਪ੍ਰਭੂ ਦੀ ਕਲੀਸੀਆ ਦੀ ਉਸਾਰੀ ਕਰਨਾ (35:1-36:7)

ਮਸੀਹੀ ਲੋਕ ਨਿਰੰਤਰ ਪ੍ਰਭੂ ਦੀ ਕਲੀਸੀਆ, ਪਰਮੇਸ਼ੁਰ ਦੇ ਭਵਨ ਦੀ ਉਸਾਰੀ ਕਰ ਰਹੇ ਹਨ - ਸ਼ੁਰੂ ਤੋਂ ਨਵੇਂ ਇਲਾਕਿਆਂ ਵਿਚ ਇਸ ਦੀ ਉਸਾਰੀ ਕਰਕੇ ਅਤੇ ਫਿਰ ਇਸ ਦੀ ਗਿਣਤੀ ਅਤੇ ਆਤਮਕਿਤਾ ਦੋਹਾਂ ਵਿਚ ਉਸਾਰੀ ਕਰ ਰਹੇ ਹਨ। ਕਿਵੇਂ ਅਸੀਂ ਪ੍ਰਭੂ ਦੀ ਕਲੀਸੀਆ ਨੂੰ ਉਸਾਰਨ ਵਿਚ ਸਫ਼ਲਤਾਪੂਰਵਕ ਮਦਦ ਕਰ ਸਕਦੇ ਹਾਂ? 1 ਕੁਰਿੰਥੀਆਂ 3:9, 10 ਵਿਚ ਪੌਲੁਸ ਨੇ ਸਾਨੂੰ ਸਿਆਣੇ ਰਾਜ ਮਿਸਤ੍ਰੀ ਬਣਨ ਦੇ ਲਈ ਆਖਿਆ ਹੈ। ਅਸੀਂ ਇਸਰਾਏਲੀਆਂ ਦੇ ਨਮੂਨੇ ਤੇ ਵਿਚਾਰ ਕਰਨ ਵਿਚ ਸਿਆਣੇ ਬਣਾਂਗੇ ਜਿਨ੍ਹਾਂ ਨੇ ਡੇਹਰੇ ਨੂੰ ਬਣਾਇਆ। ਉਨ੍ਹਾਂ ਨੇ ਇਹ ਕਿਵੇਂ ਕੀਤਾ?

ਡੇਹਰੇ ਨੂੰ ਬਣਾਉਣ ਦੀ ਵਿਆਖਿਆ ਇਸਰਾਏਲੀਆਂ ਦੇ ਉਨ੍ਹਾਂ ਦੇ ਹੁਨਰ ਅਤੇ ਯੋਗਤਾਵਾਂ ਨੂੰ ਇਸ ਦੀ ਬਣਤਰ ਵਿਚ ਵਰਤੋਂ ਕਰਨ ਤੇ ਜ਼ੋਰ ਦਿੰਦੀ ਹੈ। ਮੂਲ ਲਿਖਤ ਦੱਸਦੀ ਹੈ ਕਿ ਡੇਹਰੇ ਲਈ ਦਿੱਤੀਆਂ ਗਈਆਂ ਕੁਝ ਭੇਟਾਂ "ਚਤਰੀਆਂ ਇਸਤਰੀਆਂ" (35:25) ਜਾਂ ਉਨ੍ਹਾਂ ਇਸਤਰੀਆਂ ਦੁਆਰਾ ਕੱਪੜੇ ਦੀਆਂ ਬਣਾਈਆਂ ਗਈਆਂ ਸਨ "ਜਿਨ੍ਹਾਂ ਦੇ ਮਨਾਂ ਨੇ ਉਨ੍ਹਾਂ ਨੂੰ ਬੁੱਧ ਨਾਲ ਪਰੇਰਿਆ" (35:26)।

ਲਿਖਤ ਇਸ ਤੱਥ ਤੇ ਵੀ ਜ਼ੋਰ ਦਿੰਦੀ ਹੈ ਕਿ ਡੇਹਰੇ ਨੂੰ ਅਸਲ ਵਿਚ ਉਨ੍ਹਾਂ ਲੋਕਾਂ ਦੁਆਰਾ ਬਣਾਇਆ ਗਿਆ ਸੀ ਜਿਨ੍ਹਾਂ ਨੇ ਆਪਣੀ ਖਾਸ ਬੁੱਧ ਨੂੰ ਉਸ ਉਦੇਸ਼ ਦੇ ਲਈ ਇਸਤੇਮਾਲ ਕੀਤਾ ਸੀ। ਯਹੋਵਾਹ ਨੇ ਮੂਸਾ ਨੂੰ ਆਖਿਆ ਸੀ ਕਿ ਉਸ ਨੇ ਡੇਹਰੇ ਦੀ ਅਸਲ ਬਣਤਰ ਦੀ ਜ਼ਿੰਮੇਵਾਰੀ

ਲੈਣ ਦੇ ਲਈ ਬਸਲਏਲ ਨੂੰ ਸੱਦਿਆ ਸੀ, ਇਹ ਕਹਿੰਦੇ ਹੋਏ ਕਿ ਉਸ ਨੇ ਉਹ ਨੂੰ "ਪਰਮੇਸ਼ੁਰ ਦੇ ਆਤਮਾ ਤੋਂ ਬੁੱਧ ਸਮਝ ਵਿੱਦਿਆ ਅਤੇ ਸਾਰੀ ਕਾਰੀਗਰੀ ਨਾਲ ਭਰਪੂਰ ਕੀਤਾ ਹੈ" (31:3)। ਇਸ ਤੋਂ ਇਲਾਵਾ, ਪਰਮੇਸ਼ੁਰ ਨੇ ਡੇਹਰੇ ਨੂੰ ਬਣਾਉਣ ਵਿਚ ਮਦਦ ਕਰਨ ਦੇ ਲਈ ਆਹਾਲੀਆਬ ਅਤੇ ਹੋਰ ਬੁੱਧਵਾਨ ਮਨੁੱਖਾਂ ਨੂੰ ਸੱਦਿਆ ਅਤੇ ਉਨ੍ਹਾਂ ਨੂੰ ਉਹ ਬੁੱਧ ਦਿੱਤੀ ਜੋ ਡੇਹਰੇ ਨੂੰ ਬਣਾਉਣ ਦੇ ਲਈ ਲੋੜੀਂਦੀ ਸੀ (31:6)। ਕੂਚ 35 ਵਿਚ ਬਸਲਏਲ ਅਤੇ ਹੋਰ ਕਾਮਿਆਂ ਨੂੰ ਅਸਲ ਵਿਚ ਇਸ ਕੰਮ ਦੇ ਕਈ ਨਿਯੁਕਤ ਕੀਤਾ ਗਿਆ ਸੀ। ਫੇਰ, ਮੂਸਾ ਨੇ ਇਸ ਗੱਲ ਦੇ ਜ਼ੋਰ ਦਿੱਤਾ ਸੀ ਕਿ ਇਹ ਯਹੋਵਾਹ ਸੀ ਜਿਸ ਨੇ ਬਸਲਏਲ ਅਤੇ ਉਸ ਦੇ ਸਹਾਇਕਾਂ ਨੂੰ ਸੱਦਿਆ ਸੀ ਅਤੇ ਉਨ੍ਹਾਂ ਨੂੰ ਉਹ ਬੁੱਧ ਦਿੱਤੀ ਸੀ ਜਿਸ ਦੀ ਉਨ੍ਹਾਂ ਨੂੰ ਲੋੜ ਸੀ (35:30-35)। ਕੂਚ 36:1 ਵਿਚ ਅਸੀਂ ਪੜ੍ਹਦੇ ਹਾਂ,

> [ਮੂਸਾ ਨੇ ਆਖਿਆ,] ਬਸਲਏਲ ਆਹਾਲੀਆਬ ਅਤੇ ਸਾਰੇ ਬੁੱਧਵਾਨ ਮਨੁੱਖ ਕੰਮ ਕਰਨ। ਯਹੋਵਾਹ ਨੇ ਉਨ੍ਹਾਂ ਨੂੰ ਬੁੱਧ ਅਤੇ ਸਮਝ ਦਿੱਤੀ ਕਿ ਓਹ ਜਾਣਨ ਭਈ ਪਵਿੱਤ੍ਰ ਅਸਥਾਨ ਦੀ ਉਪਾਸਨਾ ਦਾ ਸਾਰਾ ਕੰਮ ਯਹੋਵਾਹ ਦੇ ਸਾਰੇ ਹੁਕਮਾਂ ਅਨੁਸਾਰ ਕਿਵੇਂ ਕਰਨਾ ਹੈ (ਵੇਖੋ 36:2)।

ਪੁਸਤਕ ਅੱਗੇ ਜਾ ਕੇ ਡੇਹਰੇ ਨੂੰ ਬਣਾਉਣ ਦੀ ਸਾਰੀ ਸੋਭਾ ਬਸਲਏਲ ਨੂੰ ਦਿੰਦੀ ਹੈ (38:22)।

ਡੇਹਰੇ ਨੂੰ ਬਣਾਉਣ ਦੇ ਲਈ ਵਰਤੇ ਗਏ ਵਰਦਾਨਾਂ ਦੇ ਸਾਡੇ ਵਿਚਾਰ ਵਿਚ ਤਿੰਨ ਸੱਚਾਈਆਂ ਅਲੱਗ ਦਿਖਾਈ ਦਿੰਦੀਆਂ ਹਨ।

*ਇਨ੍ਹਾਂ ਮਨੁੱਖਾਂ ਅਤੇ ਇਸਤਰੀਆਂ ਦੇ ਕੋਲ ਜੋ ਬੁੱਧ ਦੀ ਪਰਮੇਸ਼ੁਰ ਦੀ ਵੱਲੋਂ ਆਈ ਸੀ।* ਕਿਸ ਕਿਸਮ ਦੇ ਵਰਦਾਨ ਸ਼ਾਮਲ ਸਨ? ਉਨ੍ਹਾਂ ਦੇ ਵਰਦਾਨ ਇਹ ਨਹੀਂ ਸਨ ਕਿ ਉਹ ਨਬੀ ਬਣ ਗਏ, ਯਹੋਵਾਹ ਦੇ ਵਚਨ ਨੂੰ ਅਰਥਪੂਰਣ ਢੰਗ ਨਾਲ ਬੋਲਣ ਵਿਚ ਸਮਰੱਥ ਹੋ ਗਏ। ਇਹ ਉਹ ਬੁੱਧ ਸੀ ਜੋ *ਡੇਹਰੇ ਨੂੰ ਬਣਾਉਣ ਦੇ ਲਈ* ਜ਼ਰੂਰੀ ਸੀ: ਬੁੱਧ ਜੋ ਕਾਰੀਗਰੀ ਕਰਨ, ਪੱਥਰ ਨੂੰ ਤਰਾਸ਼ਣ, ਲੱਕੜੀ ਨੂੰ ਉੱਕਰਣ, ਨਕਾਸ਼ੀ ਕਰਨ, ਕਸੀਦੇ ਕੱਢਣ ਅਤੇ ਕੱਤਣ ਨਾਲ ਸੰਬੰਧਤ ਸੀ। ਸਾਨੂੰ ਇਹ ਸਿੱਖਣ ਦੀ ਲੋੜ ਹੈ ਕਿ ਸਾਡੀਆਂ ਸਾਰੀਆਂ ਯੋਗਤਾਵਾਂ, ਭਾਵੇਂ ਉਹ ਕੋਈ ਵੀ ਯੋਗਤਾ ਹੋਵੇ, ਪਰਮੇਸ਼ੁਰ ਵੱਲੋਂ ਆਉਂਦੀਆਂ ਹਨ। ਉਹ ਸਿਰਫ ਪਰਚਾਰ ਕਰਨ ਜਾਂ ਸਿੱਖਿਆ ਦੇਣ ਜਾਂ ਗੀਤਾਂ ਵਿਚ ਅਗਵਾਈ ਕਰਨ ਜਾਂ ਆਗੂ ਬਣਨ ਦੀ ਬੁੱਧ ਨਹੀਂ ਦਿੰਦਾ; ਉਹ ਮਸੀਹੀ ਲੋਕਾਂ ਨੂੰ ਉਹ ਬੁੱਧ ਵੀ ਦਿੰਦਾ ਹੈ ਜਿਸ ਦੀ ਉਨ੍ਹਾਂ ਨੂੰ ਤਰਖਾਣ ਦਾ ਕੰਮ ਕਰਨ, ਬਿਜਲੀ ਠੀਕ ਕਰਨ ਦਾ ਕੰਮ ਕਰਨ, ਨਲ ਠੀਕ ਕਰਨ ਦਾ ਕੰਮ ਕਰਨ ਅਤੇ ਦਰਜੀ ਦਾ ਕੰਮ ਕਰਨ ਦੇ ਲਈ ਲੋੜ ਹੁੰਦੀ ਹੈ। ਜੇਕਰ ਤੁਸੀਂ ਕਾਰ ਦੀ ਮੁਰੰਮਤ ਕਰ ਸਕਦੇ ਹੋ, ਟੁੱਟੇ ਹੋਏ ਨਲਕੇ ਨੂੰ ਠੀਕ ਕਰ ਸਕਦੇ ਹੋ, ਜਾਂ ਕੰਪਿਊਟਰ ਨੂੰ ਸਹੀ ਤਰ੍ਹਾਂ ਚਲਾ ਸਕਦੇ ਹੋ ਤਾਂ ਇਹ ਹੁਨਰ ਤੁਹਾਨੂੰ ਪਰਮੇਸ਼ੁਰ ਦੀ ਵੱਲੋਂ ਮਿਲਿਆ ਹੈ।

*ਇਹ ਵਿਅਕਤੀ ਪਰਮੇਸ਼ੁਰ ਦੀ ਸੇਵਾ ਵਿਚ ਆਪਣੀਆਂ ਯੋਗਤਾਵਾਂ ਨੂੰ ਇਸਤੇਮਾਲ ਕਰਨ ਦੇ ਲਈ ਤਿਆਰ ਸਨ।* ਬਾਈਬਲ ਉਨ੍ਹਾਂ ਦੀ ਇੱਛਾ ਤੇ ਜ਼ੋਰ ਨਹੀਂ ਦਿੰਦੀ, ਪਰ ਮੂਲ ਲਿਖਤ ਵਿਚ ਇਹ ਸੁਝਾਅ ਨਹੀਂ ਹੈ ਕਿ ਪਰਮੇਸ਼ੁਰ ਨੇ ਉਨ੍ਹਾਂ ਨੂੰ ਆਪਣੇ ਆਪ ਨੂੰ ਅਤੇ ਉਨ੍ਹਾਂ ਦਿਆਂ ਹੁਨਰਾਂ ਨੂੰ ਇਸ ਕੰਮ ਦੇ ਲਈ ਸਮਰਪਿਤ ਕਰਨ ਦੇ ਲਈ ਮਜਬੂਰ ਕੀਤਾ ਸੀ। ਪਰਮੇਸ਼ੁਰ ਨੇ ਉਨ੍ਹਾਂ ਨੂੰ ਸੱਦਿਆ ਅਤੇ ਉਹ ਪਰਮੇਸ਼ੁਰ ਦੇ ਸੱਦੇ ਦਾ ਜਵਾਬ ਦੇਣ ਦੇ ਲਈ ਤਿਆਰ ਸਨ।

*ਲੋਕ ਜਿਨ੍ਹਾਂ ਕੋਲ ਵਰਦਾਨ ਸਨ ਉਹ ਉਨ੍ਹਾਂ ਨੂੰ ਵਰਤਣ ਦੇ ਲਈ ਆਪਣਾ ਸਮਾਂ ਦੇਣ ਨੂੰ ਤਿਆਰ ਸਨ।* ਇਕ ਭਾਵ ਵਿਚ, ਡੇਹਰੇ ਨੂੰ ਬਣਾਉਣ ਦੇ ਲਈ ਤਿੰਨ ਕਿਸਮਾਂ ਦਾ ਯੋਗਦਾਨ ਜ਼ਰੂਰੀ ਸੀ: ਪੈਸੇ, ਪ੍ਰਤਿਭਾਵਾਂ ਅਤੇ ਸਮੇਂ ਦੇ ਯੋਗਦਾਨ। ਉਹ ਵਿਅਕਤੀ ਜਿਨ੍ਹਾਂ ਨੂੰ ਵਰਦਾਨ ਸੀ ਉਹ ਡੇਹਰੇ ਨੂੰ ਬਣਾਉਣ ਦੇ ਲਈ ਆਪਣੇ ਜੀਵਨਾਂ ਦੇ ਛੇ ਤੋਂ ਵੀ ਵੱਧ ਮਹੀਨੇ ਖਰਚਣ ਦੇ ਲਈ ਤਿਆਰ ਸਨ। ਉਨ੍ਹਾਂ ਨੇ ਇਸ ਪ੍ਰੋਜੈਕਟ (ਪਰਿਯੋਜਨਾ) ਤੇ ਹਫ਼ਤੇ ਵਿਚ ਛੇ ਦਿਨ ਕਈ ਮਹੀਨਿਆਂ ਤੱਕ ਨਿਰੰਤਰ

ਕੰਮ ਕੀਤਾ। ਜਦੋਂ ਤੱਕ ਇਹ ਪੂਰਾ ਨਹੀਂ ਹੋ ਗਿਆ ਉਹ ਕੰਮ ਤੇ ਲੱਗੇ ਰਹੇ।

ਅੱਜ ਕਲੀਸੀਆ ਨੂੰ ਕਿਸ ਚੀਜ਼ ਦੀ ਲੋੜ ਹੈ? ਜ਼ਿਆਦਾ ਪੈਸੇ ਦੀ? ਆਮ ਤੌਰ ਤੇ ਗੱਲ ਕਰੀਏ ਤਾਂ ਮੈਂਬਰਾਂ ਕੋਲ ਉਹ ਕਰਨ ਦੇ ਲਈ ਬਹੁਤ ਸਾਰਾ ਧਨ ਹੈ ਜੋ ਕਰਨ ਦੀ ਲੋੜ ਹੈ, ਪਰ ਉਨ੍ਹਾਂ ਨੂੰ ਦੇਣ ਵਿਚ ਜ਼ਿਆਦਾ ਖੁੱਲ੍ਹਦਿਲੇ ਬਣਨ ਦੀ ਲੋੜ ਹੈ। ਜ਼ਿਆਦਾ ਪ੍ਰਤਿਭਾਵਾਂ ਦੀ? ਆਮ ਤੌਰ ਤੇ, ਕਿਸੇ ਵੀ ਮੰਡਲੀ ਦੇ ਮੈਂਬਰਾਂ ਵਿਚ, ਕਲੀਸੀਆ ਨੂੰ ਉਹ ਸਭ ਕੁਝ ਜੋ ਪਰਮੇਸ਼ੁਰ ਉਮੀਦ ਕਰਦਾ ਹੈ ਪੂਰਾ ਕਰਨ ਦੇ ਯੋਗ ਬਣਾਉਣ ਦੇ ਲਈ ਬਹੁਤ ਸਾਰੀ ਪ੍ਰਤਿਭਾ ਹੈ। ਜ਼ਿਆਦਾਤਰ ਥਾਵਾਂ ਤੇ ਕਲੀਸੀਆ ਨੂੰ ਹੋਰ ਕਿਸੇ ਵੀ ਚੀਜ਼ ਨਾਲੋਂ ਵੱਧ ਜੇ ਕਿਸੇ ਚੀਜ਼ ਦੀ ਲੋੜ ਹੈ ਤਾਂ ਉਹ ਹੈ *ਸਮਾਂ* - ਅਰਥਾਤ, ਉਸ ਸਮਾਂ ਜੋ ਮੈਂਬਰ ਪ੍ਰਭੂ ਦੇ ਕੰਮ ਵਿਚ ਖਰਚਣ ਦੇ ਲਈ ਤਿਆਰ ਹਨ। ਉਨ੍ਹਾਂ ਯੋਗਤਾਵਾਂ ਦਾ ਕੀ ਲਾਭ ਹੈ ਜੇਕਰ ਉਹ ਲੋਕ ਜਿਨ੍ਹਾਂ ਕੋਲ ਉਹ ਯੋਗਤਾਵਾਂ ਹਨ ਉਹ ਉਨ੍ਹਾਂ ਨੂੰ ਪਰਮੇਸ਼ੁਰ ਦੀ ਸੇਵਾ ਵਿਚ ਇਸਤੇਮਾਲ ਕਰਨ ਦੇ ਲਈ ਆਪਣਾ ਸਮਾਂ ਦੇਣ ਦੇ ਲਈ ਤਿਆਰ ਨਹੀਂ ਹਨ? ਸਾਨੂੰ ਆਪਣਾ ਸਮਾਂ ਪਰਮੇਸ਼ੁਰ ਦੀ ਸੇਵਾ, ਬਾਈਬਲ ਦਾ ਅਧਿਐਨ ਕਰਨ, ਪ੍ਰਾਰਥਨਾ ਕਰਨ, ਕਲੀਸੀਆ ਦੀਆਂ ਬੰਦਗੀਆਂ ਵਿਚ ਪਰਮੇਸ਼ੁਰ ਦੀ ਬੰਦਗੀ ਕਰਨ, ਬਿਮਾਰਾਂ ਨੂੰ ਮਿਲਣ, ਆਪਣੇ ਗੁਆਂਢੀਆਂ ਦੀ ਮਦਦ ਕਰਨ, ਕਲੀਸੀਆ ਦੀਆਂ ਗਤੀਵਿਧੀਆਂ ਵਿਚ ਸ਼ਾਮਲ ਹੋਣ, ਮਸੀਹ ਬਾਰੇ ਸਾਡੇ ਮਿੱਤਰਾਂ ਨੂੰ ਸਿਖਾਉਣ ਅਤੇ ਮਿਸ਼ਨ ਦੇ ਕੰਮ ਕਰਨ ਵਿਚ ਇਸਤੇਮਾਲ ਕਰਨ ਦੇ ਲਈ ਤਿਆਰ ਰਹਿਣ ਦੀ ਲੋੜ ਹੈ।

ਕਲੀਸੀਆ ਨੂੰ ਉਹ ਬਣਨ ਦੇ ਲਈ ਜੋ ਪਰਮੇਸ਼ੁਰ ਇਸ ਨੂੰ ਬਣਾਉਣਾ ਚਾਹੁੰਦਾ ਹੈ, ਮੈਂਬਰਾਂ ਨੂੰ ਪ੍ਰਭੂ ਦੇ ਕੰਮ ਦੇ ਲਈ ਆਪਣੀਆਂ ਯੋਗਤਾਵਾਂ, ਆਪਣਾ ਸਮਾਂ ਅਤੇ ਆਪਣਾ ਪੈਸਾ ਦੇਣ ਦੀ ਲੋੜ ਹੈ। ਜੇਕਰ ਉਹ ਇਹ ਸਭ ਦੇਣਗੇ, ਤਾਂ ਜਿਸ ਤਰੀਕੇ ਨਾਲ ਡੇਹਰਾ ਬਣਾਇਆ ਗਿਆ ਸੀ ਉਸੇ ਤਰ੍ਹਾਂ ਜਿੱਥੇ ਕਿਤੇ ਅਸੀਂ ਜਾਵਾਂਗੇ ਕਲੀਸੀਆ ਉੱਤੇ ਉਸਰਦੀ ਜਾਂ ਬਣਦੀ ਜਾਵੇਗੀ। ਤਾਂ ਪਰਮੇਸ਼ੁਰ ਅੱਜ ਉਸੇ ਤਰ੍ਹਾਂ ਪ੍ਰਸੰਨ ਹੋਵੇਗਾ, ਜਿਵੇਂ ਉਹ ਉਸ ਸਮੇਂ ਪ੍ਰਸੰਨ ਹੋਇਆ ਸੀ।

## ਪਰਮੇਸ਼ੁਰ ਲੋਕਾਂ ਨੂੰ ਬੁੱਧ ਦਿੰਦਾ ਹੈ (36:1)

ਬੁੱਧ ਜਿਹੜੀ ਡੇਹਰੇ ਨੂੰ ਬਣਾਉਣ ਵਿਚ ਇਸਤੇਮਾਲ ਕੀਤੀ ਗਈ ਸੀ ਪਰਮੇਸ਼ੁਰ ਦੁਆਰਾ ਦਿੱਤੀ ਗਈ ਸੀ। ਅੱਜ ਵੀ ਉਸੇ ਤਰ੍ਹਾਂ, ਹਰ ਯੋਗਤਾ ਅਤੇ ਪ੍ਰਤਿਭਾ ਜੋ ਸਾਡੇ ਕੋਲ ਹੈ ਪਰਮੇਸ਼ੁਰ ਵੱਲੋਂ ਆਉਂਦੀ ਹੈ: "ਹਰੇਕ ਚੰਗਾ ਦਾਨ ਅਤੇ ਹਰੇਕ ਪੂਰਨ ਦਾਤ ਉਤਾਹਾਂ ਤੋਂ ਹੈ ਅਤੇ ਜੋਤਾ ਦੇ ਪਿਤਾ ਵੱਲੋਂ ਉਤਰ ਆਉਂਦੀ ਹੈ ਜਿਹ ਦੇ ਵਿੱਚ ਨਾ ਬਦਲ ਅਤੇ ਨਾ ਉਹ ਪਰਛਾਵਾਂ ਹੋ ਸੱਕਦਾ ਜਿਹੜਾ ਘੁੰਮਣ ਨਾਲ ਪੈਂਦਾ ਹੈ" (ਯਾਕੂਬ 1:17)। ਸਾਨੂੰ ਆਪਣੇ ਹੁਨਰ ਜਾਂ ਪ੍ਰਤਿਭਾਵਾਂ ਦੇ ਲਈ ਸੋਭਾ ਲੈਣ ਦੀ ਕੋਸ਼ਿਸ਼ ਨਹੀਂ ਕਰਨੀ ਚਾਹੀਦੀ, ਪਰ ਸਾਰੀ ਸੋਭਾ ਪਰਮੇਸ਼ੁਰ ਨੂੰ ਦੇਣੀ ਚਾਹੀਦੀ ਹੈ। ਸਾਨੂੰ ਪਰਮੇਸ਼ੁਰ ਦਾ ਧੰਨਵਾਦ ਕਰਨਾ ਚਾਹੀਦਾ ਹੈ ਕਿ ਪਰਮੇਸ਼ੁਰ ਨੇ ਉਹ ਹੁਨਰ ਅਤੇ ਪ੍ਰਤਿਭਾਂ ਸਾਨੂੰ ਦਿੱਤੀਆਂ ਹਨ ਅਤੇ ਸਾਨੂੰ ਉਨ੍ਹਾਂ ਨੂੰ ਪਰਮੇਸ਼ੁਰ ਦੇ ਰਾਜ ਵਿਚ ਪਰਮੇਸ਼ੁਰ ਦੀ ਮਹਿਮਾ ਦੇ ਲਈ ਇਸਤੇਮਾਲ ਕਰਨਾ ਚਾਹੀਦਾ ਹੈ।

---

ਟਿੱਪਣੀਆਂ

[1]ਨਵੇਂ ਨੇਮ ਵਿਚ ਇਸੇ ਤਰ੍ਹਾਂ ਦੀ ਪ੍ਰਕਿਰਿਆ ਦਾ ਪਾਲਣ ਕੀਤਾ ਗਿਆ ਸੀ। ਪਰਮੇਸ਼ੁਰ ਨੇ ਦੈਵੀ ਢੰਗ ਨਾਲ ਇਕ ਕੰਮ ਦੇ ਲਈ ਲੋਕਾਂ ਨੂੰ ਤਿਆਰ ਕੀਤਾ ਅਤੇ ਚੁਣਿਆ - ਕੁਝ ਮਾਮਲਿਆਂ ਵਿਚ ਯੋਗਤਾਵਾਂ ਨੂੰ ਦੱਸ ਕੇ। ਫਿਰ ਉਨ੍ਹਾਂ ਨੂੰ ਰਸਮੀ ਤੌਰ ਤੇ "ਨਿਯੁਕਤ ਕੀਤਾ ਗਿਆ" ਜਾਂ ਕੰਮ ਤੇ ਲਾਇਆ। ਭੋਜਨ ਵੰਡਣ ਦੇ ਲਈ ਸੱਤ ਮਨੁੱਖਾਂ ਦੀ ਚੋਣ (ਰਸੂਲਾਂ ਦੇ ਕਰਤੱਬ 6:1-6) ਅਤੇ ਉਨ੍ਹਾਂ ਦੇ ਮਿਸ਼ਨਰੀ ਕੰਮ ਦੇ ਲਈ ਪੌਲੁਸ ਅਤੇ ਬਰਨਬਾਸ ਦੀ ਚੋਣ (ਰਸੂਲਾਂ ਦੇ ਕਰਤੱਬ 13:1-3) ਨਾਲ ਤੁਲਨਾ ਕਰੋ।